# ਸਫਾਈ ਸੇਵਕ ਵੈੱਲਫੇਅਰ ਸੁਸਾਇਟੀ, ਦਫਤਰ ਨਗਰ ਕੌਂਸਲ, ਸ੍ਰੀ ਮੁਕਤਸਰ ਸਾਹਿਬ

ਦਫਤਰ ਨਗਰ ਕੌਂਸਲ, ਸ਼ੇਰ ਸਿੰਘ ਚੌਕ, ਅਬੋਹਰ ਰੋਡ, ਸ੍ਰੀ ਮੁਕਤਸਰ ਸਾਹਿਬ।

## ਜਨਤਕ ਸੂਚਨਾ

"ਸਫਾਈ ਸੇਵਕ ਵੈਲਫੇਅਰ ਸੁਸਾਇਟੀ" ਦਫ਼ਤਰ ਨਗਰ ਕੌਂਸਲ, ਸ੍ਰੀ ਮੁਕਤਸਰ ਸਾਹਿਬ ਵੱਲੋਂ 'ਪਵਿੱਤਰ ਸ੍ਰੀ ਮੁਕਤਸਰ ਸਾਹਿਬ, ਸਾਫ ਸ੍ਰੀ ਮੁਕਤਸਰ ਸਾਹਿਬ' ਪ੍ਰੋਜੈਕਟ ਲਾਗੂ ਕਰਨ ਲਈ ਹੇਠ ਲਿਖੀਆਂ ਸ੍ਰੇਣੀਆਂ ਵਿੱਚ ਉਹਨਾਂ ਸਾਹਮਣੇ ਦਰਸਾਈ ਗਿਣਤੀ ਅਨੁਸਾਰ ਅਸਥਾਈ ਯੋਗ ਉਮੀਦਵਾਰਾਂ ਤੋਂ ਬਿਨੈਪੱਤਰਾਂ ਦੀ ਮੰਗ ਮਿਤੀ 26.06.2025 ਸ਼ਾਮ 03:00 ਵਜੇ ਤੱਕ ਕੀਤੀ ਜਾਂਦੀ ਹੈ। ਉਮੀਦਵਾਰਾਂ ਵੱਲੋਂ ਵਿਸਥਾਰਿਤ ਜਾਣਕਾਰੀ ਅਤੇ ਸ਼ਰਤਾਂ ਲਈ ਦਫਤਰ ਨਗਰ ਕੌਂਸਲ, ਸ੍ਰੀ ਮੁਕਤਸਰ ਸਾਹਿਬ ਦੇ ਕਮਰਾ ਨੰਬਰ 5 ਵਿਖੇ ਤਾਲਮੇਲ ਕੀਤਾ ਜਾਵੇ ਜਾਂ ਨਗਰ ਕੌਂਸਲ, ਸ੍ਰੀ ਮੁਕਤਸਰ ਸਾਹਿਬ ਦੀ ਵੈੱਬ-ਸਾਈਟ https://mcmuktsar.in/ ਤੇ ਦੇਖ ਲਈਆਂ ਜਾਣ।

| ਲੜੀ ਨੰਬਰ | ਅਸਾਮੀ ਦਾ ਨਾਮ | ਕੁੱਲ ਅਸਾਮੀਆਂ | ਮਿਹਨਤਾਨਾ |
|---|---|---|---|
| 1 | ਐਮ.ਆਈ.ਐਸ, ਫਾਇਨਾਂਸ ਅਤੇ ਅਮਲਾ | 1 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 2 | ਕੰਪਿਊਟਰ ਅਪਰੇਟਰ | 2 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 3 | ਪੇਮੈਂਟ ਕੁਲੈਕਟਰ | 6 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 4 | ਸੈਨੇਟਰੀ ਸੁਪਰਵਾਈਜਰ | 8 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 5 | ਜੇ.ਸੀ.ਬੀ ਅਪਰੇਟਰ | 1 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 6 | ਜੇ.ਸੀ.ਬੀ ਹੈਲਪਰ | 1 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 7 | ਟਿੱਪਰ ਸੁਪਰਵਾਈਜਰ | 2 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 8 | ਟਿੱਪਰ ਡਰਾਇਵਰ | 35 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 9 | ਲੇਬਰ ਟਿੱਪਰਾਂ ਲਈ | 35 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 10 | ਲੇਬਰ ਐਮ.ਆਰ.ਐਫ ਸੈਂਟਰ ਅਤੇ ਪਿੱਟਸ ਲਈ (ਕੂੜਾ ਪ੍ਰਬੰਧਨ ਲਈ) | 15 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 11 | ਲੇਬਰ ਮੇਨ ਰੋਡਾਂ ਤੇ ਸਫਾਈ ਲਈ | 35 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 12 | ਲੇਬਰ ਟਰੈਕਟਰ ਟਰਾਲੀ ਲਈ | 18 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 13 | ਲੇਬਰ ਸ਼ਾਮ ਅਤੇ ਰਾਤ ਦੀ ਸਫਾਈ ਲਈ (ਕਮਰਸ਼ੀਅਲ ਏਰੀਏ ਵਿੱਚ) | 20 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| 14 | ਲੇਬਰ ਰਿਹਾਇਸ਼ੀ ਏਰੀਏ ਦੀ ਸਫਾਈ ਲਈ | 32 | ਮੌਜੂਦਾ ਡੀ.ਸੀ ਰੇਟਾਂ ਅਨੁਸਾਰ |
| | ਕੁੱਲ | 211 | |

ਮਿਤੀ

V. Sml

ਉੱਪ ਪ੍ਰਧਾਨ,
ਸਫਾਈ ਸੇਵਕ ਵੈਲਫੇਅਰ ਸੁਸਾਇਟੀ-ਕਮ-
ਕਾਰਜ ਸਾਧਕ ਅਫ਼ਸਰ,
ਨਗਰ ਕੌਂਸਲ, ਸ੍ਰੀ ਮੁਕਤਸਰ ਸਾਹਿਬ।

# ਇਸ਼ਤਿਹਾਰ

"ਸਫਾਈ ਸੇਵਕ ਵੈਲਫੇਅਰ ਸੁਸਾਇਟੀ" ਦਫਤਰ ਨਗਰ ਕੌਂਸਲ, ਸ੍ਰੀ ਮੁਕਤਸਰ ਸਾਹਿਬ ਵੱਲੋਂ 'ਪਵਿੱਤਰ ਸ੍ਰੀ ਮੁਕਤਸਰ ਸਾਹਿਬ, ਸਾਫ ਸ੍ਰੀ ਮੁਕਤਸਰ ਸਾਹਿਬ' ਪ੍ਰੋਜੈਕਟ ਲਾਗੂ ਕਰਨ ਲਈ ਹੇਠ ਲਿਖੀਆਂ ਸ੍ਰੇਣੀਆਂ ਵਿੱਚ ਉਹਨਾਂ ਸਾਹਮਣੇ ਦਰਸਾਈ ਗਿਣਤੀ ਵਿੱਚ ਅਸਥਾਈ ਉਮੀਦਵਾਰਾਂ ਦੀ ਲੋੜ ਹੈ। ਇਹ ਸਾਰੀਆਂ ਅਸਾਮੀਆਂ ਲਈ ਵੇਤਨ ਡੀ.ਸੀ. ਰੇਟ ਅਨੁਸਾਰ ਦਿੱਤਾ ਜਾਵੇਗਾ।

| SR. NO. | Name of Post | Number of Vacancy | QUALIFICATION |
|---|---|---|---|
| 1 | MIS, FINANCE & ESTABLISHMENT | 1 | MBA (Finance and IT) any professional Degree |
| 2 | COMPUTER OPERATOR | 2 | Graduation+ Computer Certificate (ISO Certified) |
| 3 | PAYMENT COLLECTOR | 6 | 10+2 (with Punjabi Pass) |
| 4 | SANITARY SUPERVISOR | 8 | 10+2 (with Punjabi Pass) |
| 5 | J.C.B OPERATOR | 1 | Valid Operator License |
| 6 | J.C.B Helper | 1 | 10th (with Punjabi Pass) |
| 7 | TIPPER SUPERVISOR | 2 | 10+2 (with Punjabi Pass) |
| 8 | TIPPER DRIVER | 35 | 10th (with Punjabi Pass) with Driving License |
| 9 | LABOUR FOR TIPPERS | 35 | Must be able to read and write Punjabi |
| 10 | LABOUR FOR MRF SHED AND PITS | 15 | Must be able to read and write Punjabi |
| 11 | LABOUR FOR MAIN ROAD SWEEPING | 35 | Must be able to read and write Punjabi |
| 12 | LABOUR FOR TRACTOR TROLLIES | 18 | Must be able to read and write Punjabi |
| 13 | LABOUR FOR EVENING AND NIGHT SWEEPING (COMMERCIAL AREA) | 20 | Must be able to read and write Punjabi |
| 14 | LABOUR FOR RESIDENTIAL AREA | 32 | Must be able to read and write Punjabi |

ਸ਼ਰਤਾਂ:-

1. ਉਮੀਦਵਾਰ ਦੀ ਉਮਰ ਮਿਤੀ 01-06-2025 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਨ੍ਹਾਂ ਨਿਯੁਕਤੀਆਂ ਵਿਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਮਰ ਵਿਚ ਬਣਦੀ ਛੋਟ ਦਿੱਤੀ ਜਾਵੇਗੀ।
2. ਲੜੀ ਨੰ 1 ਤੇ ਦਰਜ ਅਸਾਮੀ ਲਈ ਯੋਗਤਾ ਅਤੇ ਤਜਰਬਾ ਅਧਾਰ ਤੇ ਤਰਜੀਹ ਦਿੱਤੀ ਜਾਵੇਗੀ।
3. ਲੜੀ ਨੰ 2 ਤੇ ਦਰਜ ਅਸਾਮੀ ਲਈ ਯੋਗਤਾ ਪੂਰੀ ਹੋਣ ਉਪਰੰਤ ਅੰਗਰੇਜੀ ਅਤੇ ਪੰਜਾਬੀ ਟਾਈਪਿੰਗ ਟੈਸਟ ਲੈਣ ਤੇ ਟਾਈਪਿੰਗ ਪਾਸ ਉਮੀਦਵਾਰਾਂ ਵਿੱਚੋਂ ਚੁਣੇ ਗਏ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਵੇਗਾ।
4. ਉਮੀਦਵਾਰ ਵੱਲੋਂ ਆਪਣਾ ਨਾਮ, ਪਿਤਾ ਦਾ ਨਾਮ/ਪਤੀ ਦਾ ਨਾਮ, ਪੂਰਾ ਪਤਾ, ਆਧਾਰ ਨੰਬਰ, ਮੋਬਾਇਲ ਨੰਬਰ, ਵਿੱਦਿਅਕ ਯੋਗਤਾ, ਤਜਰਬਾ, ਡਿਟੇਲ ਮਾਰਕਸ ਕਾਰਡ, ਜਨਮ ਮਿਤੀ ਸਰਟੀਫਿਕੇਟ, ਡਰਾਇਵਿੰਗ ਲਾਇਸੰਸ (ਡਰਾਇਵਰ ਦੀ ਅਸਾਮੀ ਲਈ), ਸ਼ਰੀਰਕ ਤੰਦਰੁਸਤੀ ਸਬੰਧੀ ਸਵੈ-ਘੋਸ਼ਣਾ ਪੱਤਰ, ਜਾਤੀ ਸਰਟੀਫਿਕੇਟ, ਪੰਜਾਬ ਰੈਜੀਡੈਂਸ ਸਰਟੀਫਿਕੇਟ ਦੇਣਾ ਜਰੂਰੀ ਹੈ। ਸ੍ਰੀ ਮੁਕਤਸਰ ਸਾਹਿਬ ਸ਼ਹਿਰ ਦੇ ਰਹਿਣ ਵਾਲੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ।
5. ਅਸਾਮੀਆਂ ਦੀ ਗਿਣਤੀ ਵਿੱਚ ਲੋੜ ਅਨੁਸਾਰ ਵਾਧਾ ਘਾਟਾ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਅਸਾਮੀਆਂ ਨੂੰ ਰੱਦ ਕਰਨ ਦਾ ਅਧਿਕਾਰ "ਸਫਾਈ ਸੇਵਕ ਵੈਲਫੇਅਰ ਸੁਸਾਇਟੀ" ਕੋਲ ਰਾਖਵਾਂ ਹੈ।
6. ਚੁਣੇ ਗਏ ਉਮੀਦਵਾਰਾ ਦਾ ਨਤੀਜਾ ਨਗਰ ਕੌਂਸਲ ਦੀ ਵੈਬਸਾਈਟ https://mcmuktsar.in/ ਤੇ ਪਾਇਆ ਜਾਵੇਗਾ ਜਾਂ ਸੁਸਾਇਟੀ ਦੇ ਦਫਤਰ ਨਗਰ ਕੌਂਸਲ, ਸ੍ਰੀ ਮੁਕਤਸਰ ਸਾਹਿਬ ਵਿਖੇ ਕਮਰਾਂ ਨੰਬਰ 5 ਵਿੱਚ ਵੇਖ ਸਕਦੇ ਹਨ।
7. ਚੁਣੇ ਗਏ ਉਮੀਦਵਾਰ ਵੱਲੋਂ ਡੋਪ ਟੈਸਟ, ਬਲੱਡ ਟੈਸਟ ਮੈਡੀਕਲ ਅਤੇ ਪੁਲਿਸ ਵੈਰੀਫਿਕੇਸ਼ਨ ਕਰਵਾਉਣੀ ਲਾਜਮੀ ਹੋਵੇਗਾ, ਜੇਕਰ ਇਹਨਾਂ ਟੈਸਟਾਂ ਅਨੁਸਾਰ ਉਮੀਦਵਾਰ ਯੋਗਤਾ ਪੂਰੀ ਨਹੀਂ ਕਰਦਾ ਤਾਂ ਉਸਨੂੰ ਵਿਚਾਰਿਆ ਨਹੀਂ ਜਾਵੇਗਾ।
8. ਚੁਣੇ ਗਏ ਉਮੀਦਵਾਰਾ ਨੂੰ 7 ਦਿਨਾਂ ਦਾ ਟ੍ਰੇਨਿੰਗ ਸਮਾਂ ਪੂਰਾ ਕਰਨਾ ਹੋਵੇਗਾ, ਜਿਸ ਵਿੱਚ ਕੰਮ ਤਸੱਲੀਬਖਸ਼ ਪਾਏ ਜਾਣ ਤੇ ਸੁਸਾਇਟੀ ਵਿੱਚ 7 ਦਿਨਾਂ ਦੇ ਸਮੇਂ ਨੂੰ ਸ਼ਾਮਲ ਕਰਦੇ ਹੋਏ ਉਮੀਦਵਾਰ ਨੂੰ ਨਿਯੁਕਤੀ ਪੱਤਰ ਜਾਰੀ ਕੀਤਾ ਜਾਵੇਗਾ।

ਨੋਟ: ਉਮੀਦਵਾਰ ਆਪਣੇ ਬਿਨੈ ਪੱਤਰ ਸਮੇਤ ਦਸਤਾਵੇਜਾਂ ਦੀਆਂ ਤਸਦੀਕ ਸੁਦਾ ਕਾਪੀਆਂ ਦਫਤਰੀ ਕੰਮ ਵਾਲੇ ਦਿਨ ਮਿਤੀ 26.06.2025 ਸਮਾਂ ਦੁਪਿਹਰ 03:00 ਵਜੇ ਤੱਕ ਨਗਰ ਕੌਂਸਲ, ਸ੍ਰੀ ਮੁਕਤਸਰ ਸਾਹਿਬ ਦੇ ਦਫਤਰ ਦੇ ਕਮਰਾ ਨੰਬਰ 05 ਵਿੱਚ ਜਮਾਂ ਕਰਵਾ ਸਕਦਾ ਹੈ।

V. Singh

ਉਪ ਪ੍ਰਧਾਨ,
ਸਫਾਈ ਸੇਵਕ ਵੈਲਫੇਅਰ ਸੁਸਾਇਟੀ-ਕਮ-
ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਸ੍ਰੀ ਮੁਕਤਸਰ ਸਾਹਿਬ।

ਸਫਾਈ ਸੇਵਕ ਵੈਲਫੇਅਰ ਸੁਸਾਇਟੀ, ਦਫਤਰ ਨਗਰ ਕੌਂਸਲ, ਸ੍ਰੀ ਮੁਕਤਸਰ ਸਾਹਿਬ ਵੱਲੋਂ 'ਪਵਿੱਤਰ ਸ੍ਰੀ ਮੁਕਤਸਰ ਸਾਹਿਬ, ਸਾਫ ਸ੍ਰੀ ਮੁਕਤਸਰ ਸਾਹਿਬ' ਪ੍ਰੋਜੈਕਟ ਅਧੀਨ ਮੰਗੀ ਗਈ ਦਰਖਾਸਤ।

ਅਸਾਮੀ ਦਾ ਨਾਮ..................................

1. ਬਿਨੈਕਾਰ ਦਾ ਨਾਮ.............................................

2. ਪਿਤਾ/ਪਤੀ ਦਾ ਨਾਮ...........................................

3. ਜਨਮ ਮਿਤੀ.................................................

4. ਪੂਰਾ ਪਤਾ.................................................

   ..........................................................

   ਜਿਲ੍ਹਾ:..................................................

   (ਪੰਜਾਬ ਰਿਹਾਇਸ਼ੀ ਸਰਟੀਫਿਕੇਟ ਨੱਥੀ ਕੀਤਾ ਜਾਵੇ)

5. ਅਧਾਰ ਕਾਰਡ ਨੰਬਰ............................................

6. ਮੋਬਾਇਲ ਨੰਬਰ...............................................

7. ਵਿਦਿੱਅਕ ਯੋਗਤਾ.............................................

8. ਜਾਤੀ (ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ)..............................

9. ਤਜਰਬਾ.....................................................

10. ਡਰਾਇਵਿੰਗ ਲਾਇਸੰਸ ਨੰਬਰ (ਜੇਕਰ ਡਰਾਇਵਰ ਦੀ ਅਸਾਮੀ ਲਈ)..............................

ਬਿਨੈਕਾਰ ਦੇ ਹਸਤਾਖਰ,

ਮੈਂ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਸ਼ਰੀਰਕ ਤੌਰ ਤੇ ਬਿਲਕੁਲ ਤੰਦਰੁਸਤ ਹਾਂ, ਮੈਨੂੰ ਕਿਸੇ ਤਰਾਂ ਦੀ ਕੋਈ ਬਿਮਾਰੀ ਨਹੀ ਹੈ ਅਤੇ ਮੇਰੇ ਵੱਲੋਂ ਦਿੱਤੀ ਗਈ ਉਪਰੋਕਤ ਜਾਣਕਾਰੀ ਸਹੀ ਵਾ ਦਰੁਸਤ ਹੈ।

ਬਿਨੈਕਾਰ ਦੇ ਹਸਤਾਖਰ,